Vidhyayana - ISSN 2454-8596
An International Multidisciplinary Peer-Reviewed E-Journal
www.vidhyayanaejournal.org
Indexed in: Crossref, ROAD & Google Scholar

**88**

# i iriirjj ਜ਼ਗਤਾਰ ਕਾਵਿ ਦਾ ਵਿਚਾਰਧਾਰਕ ਅਧਿਐਨ

ਡਾ ਲਖਵਿੰਦਰ ਕੌਰ ਅਸਿਸਟੈਂਟ ਪ੍ਰੋਫੈਸਰ ਸੀ ਟੀ ਯੂਨੀਵਰਸਿਟੀ ਲੁਧਿਆਣਾ

ਸੁਖਜੀਤ ਸਿੰਘ ਰਿਸਰਚ ਸਕਾਲਰ ਸੀ ਟੀ ਯੂਨੀਵਰਸਿਟੀ ਲੁਧਿਆਣਾ

ਡਾ. ਜਗਤਾਰ ਪੰਜਾਬੀ ਸ਼ਾਇਰੀ ਦਾ ਜਾਣਿਆ ਪਹਿਚਾਣਿਆ ਨਾਮ ਹੈ। ਉਸਦੀ ਪਹਿਚਾਣ ਸਮਰੱਥ ਗ਼ਜਲਗੋ ਦੇ ਤੌਰ ’ਤੇ ਪਰ ਉਸਨੇ ਪੂਰੀ ਸਮਰੱਥਾ ਨਾਲ ਤਾਕਤਵਰ ਕਾਵਿ ਰਚਨਾਵਾਂ ਵੀ ਲਿਖੀਆਂ ਹਨ। ਪੰਜਾਬੀ ਸਾਹਿਤ ਵਿਚ ਜਿੰਨ੍ਹੀਆਂ ਵੀ ਧਾਰਾਵਾਂ ਚੱਲੀਆਂ ਹਨ ਡਾ. ਜਗਤਾਰ ਉਸਦਾ ਗਵਾਹ ਰਿਹਾ ਹੈ। ਭਾਵੇਂ ਪ੍ਰਗਤੀਵਾਦੀ ਲਹਿਰ ਹੋਵੇ, ਪ੍ਰਯੋਗਸ਼ੀਲ ਲਹਿਰ ਹੋਵੇ ਜਾਂ ਜੁਝਾਰਵਾਦੀ ਲਹਿਰ। ਜਗਤਾਰ ਅਨੁਸਾਰ ਉਸਨੇ ਆਪਣੇ ਦਿਮਾਗ ਤੇ ਕੇ ਜ਼ੋਰ ਦੇ ਕਵਿਤਾ ਨਹੀਂ ਰਚੀ ਸਗੋਂ ਕਵਿਤਾ ਉਸਦੇ ਪਾਸ ਚੱਲ ਕੇ ਆਉਂਦੀ ਰਹੀ ਹੈ। ਇਸ ਲਈ ਉਹ ਵਕਤੀ ਕਾਵਿ ਉਬਾਲ ਤੋਂ ਬਚਿਆ ਰਿਹਾ ਹੈ। ਅਜ਼ਾਦੀ ਤੋਂ ਕੋਈ ਬਾਰ੍ਹਾਂ ਕੁ ਵਰ੍ਹੇ ਪਹਿਲਾਂ ਜਿਲ੍ਹਾਂ ਜਲੰਧਰ ਦੇ ਪਿੰਡ ਰਾਜਗੋਮਾਲ ਵਿਖੇ 23 ਮਾਰਚ 1935 ਨੂੰ ਡਾ. ਜਗਤਾਰ ਦਾ ਜਨਮ ਹੋਇਆ। ਆਪ ਦੀ ਮਾਤਾ ਦਾ ਨਾਮ ਗੁਰਚਰਨ ਕੌਰ ਅਤੇ ਨੱਥਾ ਸਿੰਘ ਦੇ ਘਰ ਹੋਇਆ।

ਡਾ. ਜਗਤਾਰ ਮੁੱਢ ਤੋਂ ਪੜ੍ਹਾਈ ਵਿੱਚ ਬਹੁਤ ਵਧੀਆ ਸੀ ਜਿਸ ਦਾ ਲਾਭ ਉਸਨੂੰ ਉਚੇਰੀ ਵਿੱਦਿਆ ਦੇ ਸਫ਼ਰ ਵਿਚ ਮਿਲਿਆ। ਡਾ. ਜਗਤਾਰ ਦੀ ਗੁਰਮੁਖੀ ਤੋਂ ਬਿਨ੍ਹਾਂ ਹੋਰਨਾ ਭਸ਼ਾਵਾਂ ਵਿਚ ਵੀ ਚੰਗੀ ਪਹੁੰਚ ਅਤੇ ਦਿਲਚਸਪੀ ਸੀ ਜਿਸਦਾ ਪਤਾ ਸਾਨੂੰ ਇਸ ਗੱਲ ਤੋਂ ਲੱਗਦਾ ਹੈ ਕਿ ਡਾ. ਜਗਤਾਰ ਨੇ ਐਮ.ਏ. ਪੰਜਾਬੀ ਤੋਂ ਬਿਨ੍ਹਾਂ ਉਰਦੂ ਅਤੇ ਫ਼ਾਰਸੀ ਵਿਚ ਵੀ ਐਮ.ਏ ਦੀ ਡਿਗਰੀ ਹਾਸਲ ਕੀਤੀ। ਇਸ ਮਗਰੋਂ ਵੀ ਪੜ੍ਹਾਈ ਦਾ ਇਹ ਸਿਲਸਿਲਾ ਰੁਕਿਆ ਨਹੀਂ ਸਗੋਂ ‘ਆਧੁਨਿਕ ਪਾਕਿਸਤਾਨੀ ਪੰਜਾਬੀ ਕਵਿਤਾ’ ਵਿਸ਼ੇ ਤੇ ਸ਼ੋਧ ਪ੍ਰਬੰਧ ਲਿਖਿਆ ਅਤੇ ਡਾਕਟਰ ਦੀ ਡਿਗਰੀ ਹਾਸਲ ਕੀਤੀ। ਵਿੱਦਿਆ ਦੇ ਨਾਲ ਨਾਲ ਡਾ. ਜਗਤਾਰ ਨੇ ਕਵਿਤਾ ਲਿਖਣ ਵੱਲ ਵੀ ਧਿਆਨ ਲਗਾਇਆਂ ਅਤੇ ਵਿਸ਼ੇਸ਼ ਉਚੇਚ

Vidhyayana - ISSN 2454-8596
An International Multidisciplinary Peer-Reviewed E-Journal
www.vidhyayanaejournal.org
Indexed in: Crossref, ROAD & Google Scholar

ਅਤੇ ਤਵੱਜੋ ਗ਼ਜ਼ਲ ਨੂੰ ਦਿੱਤੀ। ਅੱਜ ਪੰਜਾਬੀ ਗ਼ਜ਼ਲ ਨੂੰ ਸਤਿਕਾਰ ਯੋਗ ਸਥਾਨ ਦਵਾਉਣ ਵਾਲਿਆਂ ਵਿਚ ਡਾ. ਜਗਤਾਰ ਦਾ ਨਾਮ ਮੋਹਰੀਆਂ ਵਿਚ ਆਉਂਦਾ ਹੈ। ਗ਼ਜ਼ਲ ਦੇ ਨਾਲ ਜਗਤਾਰ ਨੇ ਅਜ਼ਾਦ ਨਜ਼ਮ ਅਤੇ ਮਿਆਰੀ ਗੀਤਾਂ ਦੀ ਰਚਨਾ ਵੀ ਕੀਤੀ।

ਜਗਤਾਰ ਜੁਝਾਰੂ ਕਵਿਤਾ ਨਾਲ ਸੁਮੇਲ ਕਰਨ ਵਾਲਾ ਪ੍ਰਤਿਭਾਸ਼ਾਲੀ ਕਵੀ ਹੈ। ਉਸਦੀ ਕਵਿਤਾ ਦਰੜੀ ਜਾ ਰਹੀ ਧਿਰ ਦਾ ਸਾਥ ਦਿੰਦੀ ਹੈ ਅਤੇ ਦਰੜਣ ਵਾਲੀਆਂ ਧਿਰਾਂ ਨੂੰ ਵੰਗਾਰਦੀ ਹੈ। ਉਸਦੀ ਕਵਿਤਾ ਵਿਚ ਲੁੱਟ, ਦਰਿੰਦਗੀ, ਪਸ਼ੂ ਬਿਰਤੀਆਂ ਵਿਰੁੱਧ ਤਿੱਖਾ ਪ੍ਰਤਿਕਰਮ ਜ਼ਾਹਰਾ ਤੌਰ ’ਤੇ ਦੇਖਣ ਨੂੰ ਮਿਲਦਾ ਹੈ। ਇਸੇ ਲਈ ਉਸਦੀ ਗ਼ਜ਼ਲ ਕਈ ਵਾਰ ਰੁੱਖੀ ਲਗਦੀ ਹੈ। ਇਸ ਪ੍ਰਤੀ ਲੇਖਕ ਆਪ ਵੀ ਚੇਤਨ ਹੈ। ਉਸਦਾ ਮੰਨਣਾ ਹੈ ਕਿ ਉਹ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਲਿਖਦਾ ਹੈ। ਇਸ ਲਈ ਉਸਦੀਆਂ ਗ਼ਜ਼ਲਾਂ ਦੇ ਸ਼ਿਅਰ ਖ਼ੁਸ਼ਕ ਹਨ।

ਮੁਹੱਬਤ ਦਾ ਵਿਰੋਧੀ ਲਿੰਗ ਪ੍ਰਤੀ ਜਗਤਾਰ ਦੀ ਕਲਮ ਚੁੱਪ ਨਹੀਂ ਸਗੋਂ ਪਿਆਰ ਬਾਰੇ ਜਗਤਾਰ ਰੁਮਾਂਟਿਕ ਰਵੱਈਆਂ ਅਖ਼ਤਿਆਰ ਨਹੀਂ ਕਰਦਾ। ਉਸਦੇ ਪ੍ਰੀਤ ਅਨੁਭਵ ਉਪਰ ਵਿਸ਼ਾਦ ਦੀ ਭਾਵਨਾ ਭਾਰੂ ਹੋਈ ਜਾਪਦੀ ਹੈ। ਇਸ ਕਾਵਿਕ ਵਿਸ਼ਾਦ ਦੀ ਜੜ੍ਹ ਤੀਕ ਅਸੀਂ ਮਨੋਵਿਸ਼ਲੇਸ਼ਣ ਦੀ ਵਿਧੀ ਰਾਹੀਂ ਪਹੁੰਚ ਪ੍ਰਾਪਤ ਕਰ ਸਕਦੇ ਹਾਂ। ਇਸ ਲਈ ਸਾਡੀ ਅਧਿਐਨ ਵਿਧੀ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਜਗਤਾਰ ਨੇ ਮੌਲਿਕ ਕਾਵਿ ਦੇ ਨਾਲ ਨਾਲ ਪਾਕਿਸਤਾਨੀ ਪੰਜਾਬੀ ਕਵਿਤਾ ਦਾ ਲਿਪੀਆਂਤਰ ਵੀ ਕੀਤਾ ਹੈ। ਇਸ ਗੱਲ ਦਾ ਸਾਡੇ ਅਧਿਐਨ ਨਾਲ ਸਿੱਧਾ ਸੰਬੰਧ ਨਹੀਂ ਪਰ ਫਿਰ ਵੀ ਸਾਨੂੰ ਕਵੀ ਜਗਤਾਰ ਬਾਰੇ ਭਲੀ ਭਾਂਤ ਜਾਨਣ ਵਾਸਤੇ ਇਹ ਜਾਨਣਾ ਵੀ ਜਰੂਰੀ ਹੈ ਕਿ ਉਹ ਸਾਹਿਤ ਵਿਚ ਕਿਸ ਕਿਸ ਪ੍ਰਕਾਰ ਦੀਆਂ ਰੁਚੀਆਂ ਦਾ ਧਾਰਨੀ ਹੈ।

ਜਗਤਾਰ ਕਿਉਂਕਿ ਉਰਦੂ ਭਾਸ਼ਾ ਵੱਲ ਬਹੁਤ ਰੁਚੀ ਰੱਖਦਾ ਹੈ ਇਸ ਲਈ ਉਸਨੇ ਰਚਨਾਕਾਰੀ ਲਈ ਉਰਦੂ ਜ਼ੁਬਾਨ ਨੂੰ ਚੁਣਿਆ ਅਤੇ ਹੈਰਾਨੀ ਦੀ ਗੱਲ ਇਹ ਹੈ ਕਿ ਉਸਨੇ ਆਪਣੇ ਸਾਹਿਤ ਰਚਨ ਦੀ ਸ਼ੁਰੂਆਤ ਉਰਦੂ ਕਹਾਣੀ ਤੋਂ ਕੀਤੀ ਅਤੇ ਉਰਦੂ ਵਿੱਚ ਹੀ ਨਜ਼ਮਾਂ ਲਿਖੀਆਂ। ਅਖੀਰ ਪਹਿਚਾਣ ਉਸਨੂੰ ਮਾਂ ਬੋਲੀ ਵਿਚ ਹੀ ਮਿਲੀ।

Vidhyayana - ISSN 2454-8596
An International Multidisciplinary Peer-Reviewed E-Journal
www.vidhyayanaejournal.org
Indexed in: Crossref, ROAD & Google Scholar

ਕਵਿਤਾ ਦੇ ਨਾਲ ਨਾਲ ਉਸਦੇ ਹੋਰ ਬਹੁਤ ਸਾਰੇ ਸ਼ੌਂਕ ਨਾਲ ਨਾਲ ਚਲਦੇ ਰਹੇ। ਜਿਵੇਂ ਭਾਰਤ ਭ੍ਰਮਣ, ਭਾਰਤ ਦੇ ਪ੍ਰਾਚੀਨ ਕਿਲ੍ਹਿਆਂ ਦੀ ਤਸਵੀਰ ਕਸ਼ੀ ਅਤੇ ਸਿੱਕੇ ਇਕੱਠੇ ਕਰਨ ਦਾ ਸ਼ੌਂਕ ਵੀ ਨਾਲੋ ਨਾਲ ਚਲਦਾ ਰਿਹਾ। ਜਿਸਦਾ ਕਿ ਉਸਦੀ ਕਵਿਤਾ ਉਪਰ ਪ੍ਰਭਾਵ ਦੇਖਿਆ ਜਾ ਸਕਦਾ ਹੈ ਪਰ ਇਹ ਪ੍ਰਭਾਵ ਬਹੁਤ ਹੀ ਮਹੀਨ ਹੈ। ਇਸ ਪ੍ਰਭਾਵ ਨੂੰ ਪ੍ਰਤੱਖ ਕਰਨ ਲਈ ਸਭ ਤੋਂ ਉੱਤਮ ਵਿਧੀ ਹੈ। ਮਨੋਵਿਸ਼ਲੇਸ਼ਣ 1947 ਦੀ ਵੰਡ ਜਗਤਾਰ ਨੇ ਅੱਖੀ ਵੇਖੀ ਅਤੇ ਵੱਢ-ਟੁੱਕ ਵੀ। ਆਪਣੇ ਪਰਿਵਾਰ ਦਾ ਘਾਣ ਉਸਦੇ ਸਾਹਮਣੇ ਹੋਇਆ। ਇਸ ਤੋਂ ਬਿਨ੍ਹਾਂ 1978 ਤੋਂ ਲੈ ਕੇ 1994 ਤੱਕ ਪੰਜਾਬ ਨੂੰ ਆਪਣੇ ਅੱਖੀਂ ਬਲਦਾ ਵੇਖਿਆ। ਜਿਸ ਬਾਰੇ ਕਿ ਉਸਨੇ ਚਿਰਜੀਵੀ ਕਵਿਤਾਵਾਂ ਲਿਖੀਆਂ ਡਾ. ਸਤਿੰਦਰ ਸਿੰਘ ਡਾ. ਜਗਤਾਰ ਨੂੰ ਵੱਡਾ ਗ਼ਜ਼ਲਗੋ ਤਸਲੀਮ ਕਰਦੇ ਹਨ। ਸਾਡਾ ਮੰਨਣਾ ਹੈ ਕਿ ਜਗਤਾਰ ਨੇ ਕਵਿਤਾਵਾਂ ਵੀ ਬਹੁਤ ਚੰਗੇ ਪੱਧਰ ਦੀਆਂ ਲਿਖੀਆਂ ਹਨ। ਜਗਤਾਰ ਨੇ ਹੇਠ ਲਿਖੀਆਂ 15 ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ।

1. ਰੁੱਤਾਂ ਰਾਂਗਲੀਆਂ (1957)
2. ਤਲਖ਼ੀਆਂ ਰੰਗੀਨੀਆਂ (1960)
3. ਦੁੱਧ ਪੱਥਰੀ (1961)
4. ਅਧੂਰਾ ਆਦਮੀ (1967)
5. ਲਹੂ ਦੇ ਨਕਸ਼ (1973)
6. ਛਾਂਗਿਆ ਰੁੱਖ (1976)
7. ਸ਼ੀਸ਼ੇ ਦਾ ਜੰਗਲ (1980)
8. ਜਜ਼ੀਰਿਆਂ ਵਿਚ ਘਿਰਿਆਂ ਸਮੁੰਦਰ (1985)
9. ਚਨੁਕਰੀ ਸ਼ਾਮ (1990)
10. ਜੁਗਨੂੰ, ਦੀਵਾ ਤੇ ਦਰਿਆ (1992)
11. ਅੱਖਾਂ ਵਾਲੀਆਂ ਪੈੜਾਂ (1999)
12. ਮੇਰੇ ਅੰਦਰ ਇਕ ਸੁਮੰਦਰ (2001)
13. ਪ੍ਰਵੇਸ਼ ਦੁਆਰ (2003)
14. ਹਰ ਮੋੜ ਤੇ ਸਲੀਬਾਂ (2003)

Vidhyayana - ISSN 2454-8596
An International Multidisciplinary Peer-Reviewed E-Journal
www.vidhyayanaejournal.org
Indexed in: Crossref, ROAD & Google Scholar

15. ਮੋਮ ਦੇ ਲੋਕ (2006)

ਇਸ ਤੋਂ ਬਿਨ੍ਹਾਂ ਜਗਤਾਰ ਨੇ ਅੰਗਰੇਜ਼ੀ ਵਿਚ ਵੀ ਪੁਸਤਕਾਂ ਲਿਖੀਆਂ ਕਿਉਂਕਿ ਉਹਨਾਂ ਦਾ ਸੰਬੰਧ ਕਵਿਤਾ ਨਾਲ ਨਾ ਹੋਣ ਕਰਕੇ ਅਸੀਂ ਉਸਦਾ ਜ਼ਿਕਰ ਨਹੀਂ ਕਰ ਰਹੇ।

ਸੋ ਜਗਤਾਰ ਨੇ ਬਹੁਤ ਚੰਗੇ ਬੁਰੇ ਪ੍ਰਭਾਵ ਹੰਢਾਏ ਹਨ ਜੋ ਕਿ ਅਚੇਤ ਹੀ-ਉਸਦੀ ਕਵਿਤਾ ਵਿਚ ਆ ਗਏ ਨੇ। ਇਸ ਅਚੇਤਨ ਕਾਵਿ ਕਾਰਜ ਵਿਚ ਛਿਪੇ ਹੋਏ ਦਮਿਤ ਭਾਵ, ਚਿੰਤਾ, ਕੁੰਠਾ ਨੂੰ ਫੜ੍ਹਣ ਵਾਸਤੇ ਸਾਨੂੰ ਮਨੋਵਿਸ਼ਲੇਸ਼ਣੀ ਵਿਧੀ ਦਾ ਸਹਾਰਾ ਲੈਣਾ ਪਵੇਗਾ।

ਮਨੋਵਿਸ਼ਲੇਸ਼ਣ ਮਨੋਚਕਿਤਸਕਤਾ ਦਾ ਮੂਲ ਆਧਾਰ ਹੈ ਹੀ ਇਸਦੇ ਨਾਲ ਨਾਲ ਇਹ ਸਾਹਿਤ ਦੇ ਅਧਿਐਨ ਦੀ ਵੀ ਵਿਧੀ ਹੈ। ਡਾ. ਸਿੰਗਮਡ ਫਰਾਇਡ ਇਸ ਮਨੋਵਿਸ਼ਲੇਸ਼ਣੀ ਵਿਧੀ ਦਾ ਜਨਮ ਦਾਤਾ ਹੈ। ਉਸਦੇ ਸਾਥੀ ਡਾ. ਜੁੰਗ ਅਤੇ ਐਡਲਰ ਨੇ ਵੀ ਇਸ ਵਿਧੀ ਦੇ ਵਿਕਾਸ ਵਿਚ ਬਹੁਤ ਯੋਗਦਾਨ ਪਾਇਆ ਹੈ। ਭਾਵੇਂ ਕਿ ਸਮਾਂ ਪਾ ਕੇ ਜੁੰਗ ਅਤੇ ਐਡਲਰ ਸਿੰਗਮੰਡ ਫਰਾਇਡ ਤੋਂ ਵਿਚਾਰਕ ਮਤਭੇਦ ਦੇ ਚਲਦਿਆਂ ਵੱਖਰਿਆਂ ਹੋ ਗਏ ਸਨ।

ਫਰਾਇਡ ਅਨੁਸਾਰ ਦਬਾ ਦਿੱਤੇ ਗਏ ਮਨੋਭਾਵ ਸਰੀਰਕ ਅਤੇ ਮਾਨਸਿਕ ਲੱਛਣਾਂ ਦੇ ਤੌਰ ਤੇ ਉੱਭਰ ਆਉਂਦੇ ਹਨ। ਕਲਾਕਾਰਾਂ ਦੀ ਕਲਾ ਵਿਚ ਇਹ ਪ੍ਰੇਰਕ ਦੇ ਤੌਰ 'ਤੇ ਕਾਰਜ ਵੀ ਕਰਦੇ ਹਨ। ਫਰਾਇਡ ਅਨੁਸਾਰ ਬਹੁਤੀਆਂ ਮਨੋ-ਕੁੰਠਾਵਾਂ ਕਾਮ ਨਾਲ ਸੰਬੰਧਿਤ ਹੁੰਦੀਆਂ ਹਨ। ਜਿਸਨੂੰ ਫਰਾਇਡ ਲਬੀਡੋ ਦਾ ਨਾਮ ਦਿੰਦਾ ਹੈ। ਅਸੀਂ ਇਸ ਪ੍ਰਸਤੁਤੀ ਵਿਚ 'ਮਨੋਵਿਸ਼ਲੇਸ਼ਣ' ਖੋਜ ਵਿਧੀ ਦੀ ਬਹੁਤ ਵਿਸਥਾਰ ਵਿਚ ਚਰਚਾ ਕੀਤੀ ਹੈ। ਜਗਤਾਰ ਕਾਵਿ ਦੀ ਸੰਦਰਭ ਵਿਚ ਇਹ ਵਿਧੀ ਬਹੁਤ ਹੀ ਮਹੱਤਵਪੂਰਨ ਹੈ। ਅਸੀਂ ਹੈਰਾਨ ਹਾਂ ਕਿ ਜਗਤਾਰ ਕਾਵਿ ਨੂੰ ਅਜੇ ਤੀਕ ਮਨੋਵਿਗਿਆਨਕ ਪੱਖ ਤੋਂ ਵਿਚਾਰਿਆਂ, ਵਿਸਥਾਰਿਆ, ਨਹੀਂ ਗਿਆ। ਪੰਜਾਬੀ ਕਾਵਿ ਅਧਿਐਨ ਦੇ ਖੇਤਰ ਵਿਚ ਅਸੀਂ ਇਸ ਖਲਾਅ ਨੂੰ ਭਰਨ ਦੀ ਕੋਸ਼ਿਸ਼ ਕਰਾਂਗੇ।